# ਨੌਜੁਆਨਾਂ ਲਈ ਵਿਹਾਰ ਸਬੰਧੀ ਸਿਹਤ ਬਾਰੇ ਇਲਾਜ ਦੇ ਵਿਕਲਪ

ਮਰੀਜ਼ ਦਾ ਨਾਂ ਮੈਡੀਕਲ ਰਿਕਾੱਰਡ ਨੰਬਰ

13 ਤੋਂ 17 ਸਾਲ ਦੀ ਉਮਰ ਦੇ ਨੌਜੁਆਨਾਂ ਲਈ ਮਾਨਸਿਕ ਸਿਹਤ ਜਾਂ ਨਸ਼ੀਲੇ ਪਦਾਰਥਾਂ ਦੀ ਵਰਤੋਂ ਦੇ ਮੁਲਾਂਕਣ ਜਾਂ ਇਲਾਜ ਕਰਾਉਣ ਦੇ ਇੱਛੁਕ ਮਾਤਾ-ਪਿਤਾ ਜਾਂ ਸਰਪ੍ਰਸਤਾਂ ਨੂੰ ਕਾਨੂੰਨੀ ਤੌਰ 'ਤੇ ਉਪਲਬਧ ਇਲਾਜ ਦੇ ਸਾਰੇ ਕਾਨੂੰਨੀ ਵਿਕਲਪਾਂ ਬਾਰੇ ਜ਼ਰੂਰ ਦੱਸਣਾ ਚਾਹੀਦਾ ਹੈ। ਇਹਨਾਂ ਵਿਚ ਨੌਜੁਆਨ ਲਈ ਸ਼ੁਰੂ ਕੀਤਾ ਗਿਆ ਇਲਾਜ (ਪਹਿਲਾਂ ਨਾਬਾਲਗ਼ ਲਈ ਸ਼ੁਰੂ ਕੀਤਾ ਗਿਆ ਇਲਾਜ), ਪਰਿਵਾਰ ਲਈ ਸ਼ੁਰੂ ਕੀਤਾ ਗਿਆ ਇਲਾਜ (ਪਹਿਲਾਂ ਮਾਤਾ-ਪਿਤਾ ਲਈ ਸ਼ੁਰੂ ਕੀਤਾ ਗਿਆ ਇਲਾਜ) ਅਤੇ ਅਣਇੱਛਤ ਪਾਬੰਦੀ ਸ਼ਾਮਿਲ ਹੁੰਦੀ ਹੈ। ਜੁਲਾਈ 2019 ਵਿਚ ਸ਼ੁਰੂ ਕੀਤਾ ਗਿਆ HB 1874, ਬਾਹਰੀ ਮਰੀਜ਼ (ਆਉਟਪੇਸ਼ੇਂਟ) ਦੇ ਇਲਾਜ ਦੀਆਂ ਸੇਵਾਵਾਂ ਅਤੇ ਜਾਣਕਾਰੀ ਸਬੰਧੀ ਸੋਧਾਂ, ਜਿਹਨਾਂ ਦਾ ਖ਼ੁਲਾਸਾ ਨੌਜੁਆਨ ਦੀ ਸਹਿਮਤੀ ਲਏ ਬਿਨਾ ਮਾਤਾ-ਪਿਤਾ, ਸਰਪ੍ਰਸਤ ਜਾਂ ਵਿਹਾਰ ਸਬੰਧੀ ਪ੍ਰੋਵਾਈਡਰ ਨੂੰ ਕੀਤਾ ਜਾ ਸਕਦਾ ਹੈ, ਨੂੰ ਸ਼ਾਮਿਲ ਕਰਨ ਲਈ RCW 71.34 ਹੇਠ, ਵਿਆਪਕ ਪਰਿਵਾਰ ਲਈ ਸ਼ੁਰੂ ਕੀਤੇ ਗਏ ਇਲਾਜ (FIT) ਦੀ ਭਾਸ਼ਾ ਰਾਹੀਂ ਨੌਜੁਆਨ ਦੇ ਵਿਹਾਰ ਸਬੰਧੀ ਸਿਹਤ (BH) ਦੇ ਇਲਾਜ ਦਾ ਪਸਾਰ ਕਰਦੀਆਂ ਹਨ।

### ਨੌਜੁਆਨ ਲਈ ਸ਼ੁਰੂ ਕੀਤਾ ਗਿਆ ਇਲਾਜ **(RCW 71.34.500-530)**

ਮਾਤਾ-ਪਿਤਾ ਦੀ ਸਹਿਮਤੀ ਤੋਂ ਬਿਨਾ, 13 ਤੋਂ 17 ਸਾਲ ਦਾ ਇਕ ਨੌਜੁਆਨ ਬਾਹਰੀ ਮਰੀਜ਼ ਜਾਂ ਦਾਖ਼ਲ ਮਰੀਜ਼ (ਇਨਪੇਸ਼ੇਂਟ) ਦੀ ਮਾਨਸਿਕ ਸਿਹਤ ਲਈ ਮੁਲਾਂਕਣ ਜਾਂ ਨਸ਼ੀਲੇ ਪਦਾਰਥ ਦੀ ਵਰਤੋਂ ਦੇ ਵਿਗਾੜ ਬਾਰੇ ਇਲਾਜ ਦੀ ਬੇਨਤੀ ਕਰ ਸਕਦਾ ਹੈ। ਜੇ ਸਹੂਲਤ (ਫ਼ੈਸਿਲਿਟੀ) ਬਾਹਰੀ ਮਰੀਜ਼ ਦੀ ਮਾਨਸਿਕ ਸਿਹਤ ਜਾਂ ਨਸ਼ੀਲੇ ਪਦਾਰਥ ਦੀ ਵਰਤੋਂ ਦੇ ਵਿਗਾੜ ਬਾਰੇ ਇਲਾਜ ਨਾਲ ਸਹਿਮਤ ਹੈ, ਤਾਂ ਨੌਜੁਆਨ ਨੂੰ ਸੇਵਾਵਾਂ ਦੀ ਪੇਸ਼ਕਸ਼ ਕੀਤੀ ਜਾ ਸਕਦੀ ਹੈ। ਦਾਖ਼ਲ ਮਰੀਜ਼ ਦੀ ਭਰਤੀ ਸਿਰਫ਼ ਉਦੋਂ ਹੋਏਗੀ, ਜੇ ਸਹੂਲਤ ਦਾ ਇੰਚਾਰਜ ਪੇਸ਼ੇਵਰ ਵਿਅਕਤੀ ਦਾਖ਼ਲ ਮਰੀਜ਼ ਦੇ ਇਲਾਜ ਦੀ ਜ਼ਰੂਰਤ ਲਈ ਸਹਿਮਤੀ ਦਿੰਦਾ ਹੈ। 13 ਸਾਲ ਤੋਂ ਘੱਟ ਉਮਰ ਦੇ ਨਾਬਾਲਗ਼ ਦਾਖ਼ਲ ਮਰੀਜ਼ ਦੇ ਇਲਾਜ ਲਈ ਜਾਂ ਤਾਂ ਮਾਤਾ-ਪਿਤਾ ਦੀ ਸਹਿਮਤੀ ਜਾਂ ਮੰਜ਼ੂਰਸ਼ੁਦਾ ਸਰਪ੍ਰਸਤ ਦੀ ਸਹਿਮਤੀ ਦੀ ਲੋੜ ਪੈਂਦੀ ਹੈ।

### ਪਰਿਵਾਰ ਲਈ ਸ਼ੁਰੂ ਕੀਤਾ ਗਿਆ ਇਲਾਜ **(RCW 71.34.600-670)**

ਮਾਤਾ-ਪਿਤਾ, ਸਰਪ੍ਰਸਤ, ਮਤਰੇਏ ਮਾਤਾ-ਪਿਤਾ, ਰਿਸ਼ਤੇਦਾਰ ਕੇਅਰਗਿਵਰ ਜਾਂ ਅਖ਼ਤਿਆਰਪ੍ਰਾਪਤ ਵਿਅਕਤੀ 13 ਤੋਂ 17 ਸਾਲ ਦੀ ਉਮਰ ਦੇ ਆਪਣੇ ਨੌਜੁਆਨ ਨੂੰ ਕਿਸੇ ਵੀ ਮਾਨਸਿਕ ਸਿਹਤ ਮੁਲਾਂਕਣ ਅਤੇ ਇਲਾਜ ਦੀ ਸਹੂਲਤ, ਹਸਪਤਾਲ, ਦਾਖ਼ਲ ਮਰੀਜ਼ ਵਾਲੀ ਸਹੂਲਤ ਜਾਂ ਮੰਜ਼ੂਰਸ਼ੁਦਾ ਨਸ਼ੀਲੇ ਪਦਾਰਥ ਦੀ ਵਰਤੋਂ ਦੇ ਵਿਗਾੜ (SUD) ਦੇ ਇਲਾਜ ਬਾਰੇ ਪ੍ਰੋਗਰਾਮ ਲਈ ਲਿਜਾ ਸਕਦਾ ਹੈ ਅਤੇ ਇਹ ਪਤਾ ਲਾਉਣ ਲਈ ਕਿ ਕੀ ਨੌਜੁਆਨ ਨੂੰ ਮਾਨਸਿਕ ਸਿਹਤ ਜਾਂ ਨਸ਼ੀਲੇ ਪਦਾਰਥਾਂ ਦੀ ਵਰਤੋਂ ਦੇ ਵਿਗਾੜ ਅਤੇ ਉਸ ਨੂੰ ਦਾਖ਼ਲ ਮਰੀਜ਼ ਜਾਂ ਬਾਹਰੀ ਮਰੀਜ਼ ਵਜੋਂ ਇਲਾਜ ਦੀ ਲੋੜ ਹੈ, ਲਈ ਇਕ ਪੇਸ਼ੇਵਰ ਵਿਅਕਤੀ ਵਲੋਂ ਮਾਨਸਿਕ ਸਿਹਤ ਮੁਲਾਂਕਣ ਜਾਂ ਨਸ਼ੀਲੇ ਪਦਾਰਥਾਂ ਦੀ ਵਰਤੋਂ ਦੇ ਵਿਗਾੜ ਦਾ ਮੁਲਾਂਕਣ ਕੀਤੇ ਜਾਣ ਦੀ ਬੇਨਤੀ ਕਰਦਾ ਹੈ। ਦਾਖ਼ਲ ਮਰੀਜ਼ ਦੀ ਸੈਟਿੰਗ ਵਿੱਚ ਮੁਲਾਂਕਣ ਲਈ 72 ਘੰਟਿਆਂ ਤੋਂ ਵੱਧ ਸਮਾਂ ਨਹੀਂ ਲੱਗ ਸਕਦਾ। ਜਾਂ ਤਾਂ ਬਾਹਰੀ ਮਰੀਜ਼ ਜਾਂ ਦਾਖ਼ਲ ਮਰੀਜ਼ ਦੀ ਮਾਨਸਿਕ ਸਿਹਤ ਜਾਂ ਨਸ਼ੀਲੇ ਪਦਾਰਥ ਦੀ ਵਰਤੋਂ ਦੇ ਵਿਗਾੜ ਬਾਰੇ ਮੁਲਾਂਕਣ ਲਈ ਨੌਜੁਆਨ ਦੀ ਸਹਿਮਤੀ ਦੀ ਲੋੜ ਨਹੀਂ ਪੈਂਦੀ। *ਕਿਰਪਾ ਕਰਕੇ ਮਾਤਾ-ਪਿਤਾ ਦੀ ਨਵੀਂ ਪਰਿਭਾਸ਼ਾ ਵੇਖੋ* ***RCW 71.34.020(25)(a)***.

ਕਿਰਪਾ ਕਰਕੇ ਧਿਆਨ ਦਿਓ: *FIT ਦੇ ਪ੍ਰਬੰਧਾਂ ਹੇਠ ਕੋਈ ਵੀ ਪ੍ਰੋਵਾਈਡਰ ਨੌਜੁਆਨ ਨੂੰ ਇਲਾਜ ਮੁਹੱਈਆ ਕਰਾਉਣ ਲਈ ਪਾਬੰਦ ਨਹੀਂ ਹੈ। ਹਾਲਾਂਕਿ, ਨੌਜੁਆਨ ਵਲੋਂ ਇਲਾਜ ਲਈ ਸਹਿਮਤੀ ਦੇਣ ਤੋਂ ਮਨ੍ਹਾ ਕਰਨਾ, ਸੇਵਾਵਾਂ ਨਾ ਦੇਣ ਦੇ ਸਹੂਲਤ ਦੇ ਫ਼ੈਸਲੇ ਲਈ ਇਕੱਲਾ ਅਧਾਰ ਨਹੀਂ ਹੋਏਗਾ।*

### ਪਰਿਵਾਰ ਲਈ ਸ਼ੁਰੂ ਕੀਤੇ ਗਏ ਬਾਹਰੀ ਮਰੀਜ਼ ਅਤੇ ਗੰਭੀਰ ਬਾਹਰੀ ਮਰੀਜ਼ ਦਾ ਇਲਾਜ

ਜੇ ਇਕ ਪੇਸ਼ੇਵਰ ਵਿਅਕਤੀ ਵਲੋਂ ਨਿਰਣਾ ਕੀਤਾ ਜਾਂਦਾ ਹੈ ਕਿ 13 ਤੋਂ 17 ਸਾਲ ਦੀ ਉਮਰ ਦੇ ਨੌਜੁਆਨ ਨੂੰ ਮਾਨਸਿਕ ਸਿਹਤ ਜਾਂ ਨਸ਼ੀਲੇ ਪਦਾਰਥ ਦੀ ਵਰਤੋਂ ਦਾ ਵਿਗਾੜ ਹੈ ਅਤੇ ਉਸ ਨੂੰ ਬਾਹਰੀ ਮਰੀਜ਼ ਦੇ ਇਲਾਜ ਦੀ ਲੋੜ ਹੈ, ਤਾਂ FIT ਰਾਹੀਂ ਨੌਜੁਆਨ ਨੂੰ ਸੇਵਾਵਾਂ ਦੀ ਪੇਸ਼ਕਸ਼ ਕੀਤੀ ਜਾ ਸਕਦੀ ਹੈ। FIT ਨੇ ਖ਼ਾਸ ਤੌਰ 'ਤੇ ਦੱਸਿਆ ਹੈ ਕਿ ਮਾਤਾ-ਪਿਤਾ 3 ਮਹੀਨੇ ਦੀ ਮਿਆਦ ਦੇ ਅੰਦਰ ਖ਼ਾਸ ਪੇਸ਼ੇਵਰ ਵਿਅਕਤੀ ਨਾਲ 12 ਸਾਲ ਦੀ ਉਮਰ ਤੱਕ ਦੇ ਬਾਹਰੀ ਮਰੀਜ਼ ਦੀ ਮਾਨਸਿਕ ਸਿਹਤ ਅਤੇ/ਜਾਂ SUD ਸੈਸ਼ਨਾਂ ਲਈ ਪਹੁੰਚ ਕਰ ਸਕਦੇ ਹਨ ਅਤੇ ਸਹਿਮਤੀ ਦੇ ਸਕਦੇ ਹਨ। ਬਾਹਰੀ ਮਰੀਜ਼ ਨੂੰ ਪੇਸ਼ੇਵਰ ਸੇਵਾਵਾਂ ਦੇਣ ਵਾਲੇ ਨੂੰ ਸਿਹਤ ਸੰਭਾਲ ਅਥਾੱਰਿਟੀ (HCA) ਦੇ ਇਕਰਾਰਨਾਮੇ ਵਾਲੇ ਜਾਇਜ਼ਾਕਾਰ ਨੂੰ ਜ਼ਰੂਰ ਦੱਸਣਾ ਚਾਹੀਦਾ ਹੈ ਕਿ ਪਰਿਵਾਰ ਲਈ ਸ਼ੁਰੂ ਕੀਤੇ ਗਏ ਇਲਾਜ ਹੇਠ ਸ਼ੁਰੂਆਤੀ ਸੇਵਾਵਾਂ ਦੇ ਪਹਿਲੇ 24 ਘੰਟਿਆਂ ਦੇ ਅੰਦਰ ਨੌਜੁਆਨ ਨੂੰ ਬਾਹਰੀ ਮਰੀਜ਼ ਦਾ ਇਲਾਜ ਮਿਲਣਾ ਸ਼ੁਰੂ ਹੋ ਗਿਆ ਹੈ ਅਤੇ ਫਿਰ ਹਰ 45 ਦਿਨਾਂ ਤੋਂ 3 ਮਹੀਨੇ ਦੀ ਮਿਆਦ ਤੱਕ ਚੱਲੇਗਾ। ਇਲਾਜ ਦੀ ਮਿਆਦ ਤੋਂ ਬਾਅਦ, ਨੌਜੁਆਨ ਨੂੰ ਉਸੀ ਬਾਹਰੀ ਮਰੀਜ਼ ਦੇ ਪ੍ਰੋਵਾਈਡਰ ਨਾਲ ਹੋਰ ਇਲਾਜ ਲਈ ਸਹਿਮਤੀ ਜ਼ਰੂਰ ਮੁਹੱਈਆ ਕਰਨੀ ਚਾਹੀਦੀ ਹੈ।

### ਪਰਿਵਾਰ ਲਈ ਸ਼ੁਰੂ ਕੀਤਾ ਗਿਆ ਦਾਖ਼ਲ ਮਰੀਜ਼ ਦਾ ਇਲਾਜ

ਜੇ ਪੇਸ਼ੇਵਰ ਵਿਅਕਤੀ ਵਲੋਂ ਨਿਰਣਾ ਕੀਤਾ ਜਾਂਦਾ ਹੈ ਕਿ 13 ਤੋਂ 17 ਸਾਲ ਦੀ ਉਮਰ ਦੇ ਨੌਜੁਆਨ ਨੂੰ ਮਾਨਸਿਕ ਸਿਹਤ ਜਾਂ ਨਸ਼ੀਲੇ ਪਦਾਰਥ ਦੀ ਵਰਤੋਂ ਦਾ ਵਿਗਾੜ ਹੈ ਅਤੇ ਉਸ ਨੂੰ ਦਾਖ਼ਲ ਮਰੀਜ਼ ਲਈ ਮੈਡੀਕਲ ਲੋੜ ਹੈ, ਤਾਂ ਮਾਤਾ-ਪਿਤਾ ਜਾਂ ਸਰਪ੍ਰਸਤ ਬੇਨਤੀ ਕਰ ਸਕਦੇ ਹਨ ਕਿ ਨੌਜੁਆਨ ਨੂੰ ਇਲਾਜ ਲਈ ਰਖਿਆ ਜਾਏ। ਜੇ ਦਾਖ਼ਲ ਮਰੀਜ਼ ਬਾਰੇ ਪ੍ਰੋਗਰਾਮ ਨੂੰ ਲੱਗਦਾ ਹੈ ਕਿ ਨੌਜੁਆਨ ਨੂੰ ਇਲਾਜ ਲਈ ਰੱਖੇ ਜਾਣ ਦੀ ਲੋੜ ਹੈ, ਤਾਂ ਦਾਖ਼ਲ ਮਰੀਜ਼ ਬਾਰੇ ਸਹੂਲਤ ਨੂੰ HCA ਦੇ ਇਕਰਾਰਨਾਮੇ ਵਾਲੇ ਜਾਇਜ਼ਾਕਾਰ ਨੂੰ ਜ਼ਰੂਰ ਦੱਸਣਾ ਚਾਹੀਦਾ ਹੈ ਕਿ ਇਕ ਨੌਜੁਆਨ ਨੂੰ

ਮੁਲਾਂਕਣ ਪੂਰਾ ਹੋਣ ਦੇ 24 ਘੰਟਿਆਂ ਦੇ ਅੰਦਰ ਪਰਿਵਾਰ ਲਈ ਸ਼ੁਰੂ ਕੀਤੇ ਗਏ ਇਲਾਜ ਹੇਠ ਇਲਾਜ ਵਾਸਤੇ ਭਰਤੀ ਕੀਤਾ ਗਿਆ ਹੈ। ਜੇ ਦਾਖ਼ਲ ਮਰੀਜ਼ ਬਾਰੇ ਪ੍ਰੋਗਰਾਮ ਨੂੰ ਲੱਗਦਾ ਹੈ ਕਿ ਨੌਜੁਆਨ ਨੂੰ 7 ਤੋਂ ਵੱਧ ਦਿਨਾਂ ਲਈ ਰਖਿਆ ਜਾਣਾ ਚਾਹੀਦਾ ਹੈ, ਤਾਂ ਦਾਖ਼ਲ ਮਰੀਜ਼ ਬਾਰੇ ਪ੍ਰੋਗਰਾਮ ਵਲੋਂ HCA ਨੂੰ ਜ਼ਰੂਰ ਦੱਸਣਾ ਚਾਹੀਦਾ ਹੈ ਕਿ ਦਾਖ਼ਲ ਮਰੀਜ਼ ਦੇ ਲਗਾਤਾਰ ਇਲਾਜ ਨੂੰ ਮੁਕੰਮਲ ਕੀਤੇ ਜਾਣ ਲਈ ਜਾਇਜ਼ਾ ਪੂਰਾ ਕਰਨਾ ਪੈਂਦਾ ਹੈ। ਜਾਇਜ਼ੇ ਤੋਂ ਬਾਅਦ ਪੰਜ ਦਿਨ ਤੋਂ ਪਹਿਲਾਂ ਨਹੀਂ, ਸਹੂਲਤ ਤੋਂ ਛੁੱਟੀ ਲਈ ਸੁਪੀਰੀਅਰ ਅਦਾਲਤ ਵਿਚ ਪਟੀਸ਼ਨ ਪਾਉਣ ਦੇ ਨੌਜੁਆਨ ਦੇ ਹੱਕ ਬਾਰੇ ਸਹੂਲਤ ਵਲੋਂ ਉਸ ਨੂੰ ਜ਼ਰੂਰ ਦੱਸਿਆ ਜਾਣਾ ਚਾਹੀਦਾ ਹੈ। ਇਸ ਚੈਪਟਰ ਹੇਠ ਇਲਾਜ ਕਰਾ ਰਹੇ ਕਿਸੇ ਵੀ ਨੌਜੁਆਨ ਨੂੰ HCA ਦੇ ਇਕਰਾਰਨਾਮੇ ਵਾਲੇ ਜਾਇਜ਼ਾਕਾਰ ਦੇ ਜਾਇਜ਼ੇ ਦੇ 30 ਦਿਨਾਂ ਦੇ ਅੰਦਰ ਦਾਖ਼ਲ ਮਰੀਜ਼ ਨੂੰ ਸਹੂਲਤ ਤੋਂ ਛੁੱਟੀ ਜ਼ਰੂਰ ਮਿਲਣੀ ਚਾਹੀਦੀ ਹੈ, ਜਦ ਤੱਕ ਕਿ ਨੌਜੁਆਨ ਨੂੰ ਇਸ ਸੈਕਸ਼ਨ ਹੇਠ ਵਾੱਲੰਟਰੀ ਦਰਜੇ ਜਾਂ ਪੇਸ਼ੇਵਰ ਵਿਅਕਤੀ ਜਾਂ ਸੰਕਟ ਦਾ ਜਵਾਬ ਦੇਣ ਲਈ ਨਿਯੁਕਤ ਕੀਤੇ ਵਿਅਕਤੀ (DCR) ਵਲੋਂ ਸ਼ੁਰੂ ਕੀਤੀ ਗਈ ਅਣਇੱਛਤ ਪਾਬੰਦੀ ਦੀਆਂ ਕਾਰਵਾਈਆਂ ਹੇਠ ਭਰਤੀ ਨਹੀਂ ਕੀਤਾ ਜਾਂਦਾ।

ਜੇ HCA ਦੇ ਇਕਰਾਰਨਾਮੇ ਵਾਲੇ ਜਾਇਜ਼ਾਕਾਰ ਦੇ ਜਾਇਜ਼ੇ ਵਿਚ ਨਿਰਣਾ ਕੀਤਾ ਜਾਂਦਾ ਹੈ ਕਿ ਨੌਜੁਆਨ ਹੁਣ ਦਾਖ਼ਲ ਮਰੀਜ਼ ਦੇ ਇਲਾਜ ਲਈ ਮੈਡੀਕਲ ਕਸੌਟੀ ਪੂਰੀ ਨਹੀਂ ਕਰਦਾ, ਤਾਂ ਮਾਤਾ-ਪਿਤਾ ਜਾਂ ਸਰਪ੍ਰਸਤ ਨੂੰ ਫ਼ੌਰਨ ਦੱਸਣਾ ਚਾਹੀਦਾ ਹੈ ਅਤੇ ਨੌਜੁਆਨ ਨੂੰ 24 ਘਟਿਆਂ ਦੇ ਅੰਦਰ ਛੁੱਟੀ ਦੇਣੀ ਚਾਹੀਦੀ ਹੈ। ਇਸ ਕੇਸ ਵਿਚ, ਜੇ ਮਾਤਾ-ਪਿਤਾ ਜਾਂ ਸਰਪ੍ਰਸਤ ਅਤੇ ਸਹੂਲਤ, ਦੋਹਾਂ ਨੂੰ ਲੱਗਦਾ ਹੈ ਕਿ ਨੌਜੁਆਨ ਮਰੀਜ਼ ਦਾ ਇਲਾਜ ਲਈ ਉੱਥੇ ਭਰਤੀ ਰਹਿਣਾ ਮੈਡੀਕਲ ਤੌਰ 'ਤੇ ਜ਼ਰੂਰੀ ਹੈ, ਤਾਂ ਸਹੂਲਤ HCA ਦੇ ਜਾਇਜ਼ੇ ਤੋਂ ਬਾਅਦ ਅਦਾਲਤ ਖੁੱਲ੍ਹਣ ਦੇ ਦੂਜੇ ਦਿਨ ਤੱਕ ਨੌਜਵਾਨ ਨੂੰ ਉੱਥੇ ਹੀ ਰਖੇਗੀ। **RCW 13.32A.191** ਅਨੁਸਾਰ, ਇਸ ਨਾਲ ਮਾਤਾ-ਪਿਤਾ ਜਾਂ ਸਰਪ੍ਰਸਤ ਨੂੰ ਜੋਖਮ 'ਤੇ ਨੌਜੁਆਨ ਲਈ ਪਟੀਸ਼ਨ ਦਾਇਰ ਕਰਨ ਦਾ ਸਮਾਂ ਮਿਲੇਗਾ। ਬੱਚਿਆਂ, ਨੌਜੁਆਨਾਂ ਅਤੇ ਪਰਿਵਾਰਾਂ ਬਾਰੇ ਵਿਭਾਗ (DCYF) ਰਾਹੀਂ ਪਰਿਵਾਰਕ ਸੁਲ੍ਹਾ-ਸਫ਼ਾਈ ਦੀਆਂ ਸੇਵਾਵਾਂ (RCW 13.32A.040) ਵੀ ਮੁਹੱਈਆ ਕਰਾਈਆਂ ਜਾ ਸਕਦੀਆਂ ਹਨ।

ਮਾਤਾ-ਪਿਤਾ ਦੀ ਲਿਖਤੀ ਬੇਨਤੀ 'ਤੇ ਪਰਿਵਾਰ ਲਈ ਸ਼ੁਰੂ ਕੀਤੇ ਗਏ ਇਲਾਜ ਹੇਠ ਇਨਪੇਸ਼ੈਂਟ ਸਹੂਲਤ ਵਿਚ ਭਰਤੀ ਕੀਤੇ ਗਏ ਨੌਜੁਆਨਾਂ ਨੂੰ ਫ਼ੌਰਨ ਛੁੱਟੀ ਦੇਣੀ ਚਾਹੀਦੀ ਹੈ।

### ਅਣਇੱਛਤ ਇਲਾਜ **(RCW 71.34.700-795)**

ਜੇ 13 ਸਾਲ ਜਾਂ ਵੱਧ ਉਮਰ ਦੇ ਨੌਜੁਆਨ ਵਲੋਂ ਆਪਣੇ ਆਪ ਨੂੰ ਜਾਂ ਹੋਰਨਾਂ ਨੂੰ ਨੁਕਸਾਨ ਪਹੁੰਚਾਉਣ ਦੀ ਸੰਭਾਵਨਾ ਹੈ, ਜੋ ਕਿ ਗੰਭੀਰ ਤੌਰ 'ਤੇ ਅਸਮਰੱਥ ਹੈ ਅਤੇ ਜਿਸ ਨੂੰ ਫ਼ੌਰੀ ਮਾਨਸਿਕ ਸਿਹਤ ਜਾਂ ਨਸ਼ੀਲੇ ਪਦਾਰਥ ਦੀ ਕੁਵਰਤੋਂ ਕਰਕੇ ਦਾਖ਼ਲ ਮਰੀਜ਼ ਨੂੰ ਇਲਾਜ ਦੀ ਲੋੜ ਪੈ ਸਕਦੀ ਹੈ ਅਤੇ ਉਹ ਵਾੱਲੰਟਰੀ ਤੌਰ ਤੇ ਦਾਖ਼ਲ ਹੋਣ ਲਈ ਸਹਿਮਤੀ ਦੇਣ ਤੋਂ ਮਨ੍ਹਾ ਕਰਦਾ ਹੈ, ਤਾਂ ਸੰਭਵ ਅਣਇਛੱਤ ਪਾਬੰਦੀ ਲਈ ਨੌਜੁਆਨ ਦਾ ਮੁਲਾਂਕਣ ਕਰਨ ਲਈ DCR ਨੂੰ ਸਮਰੱਥ ਕਰਨ ਵਾਸਤੇ ਨੌਜੁਆਨ ਨੂੰ 12 ਘੰਟਿਆਂ ਤੱਕ ਲਈ ਰੋਕਿਆ ਜਾ ਸਕਦਾ ਹੈ। ਜੇ ਵਾੱਲੰਟਰੀ ਜਾਂ ਘੱਟ ਪਾਬੰਦੀ ਵਾਲੇ ਬਦਲਵੇਂ ਇਲਾਜ ਉਪਲਬਧ ਨਹੀਂ ਹਨ ਅਤੇ DCR ਨਿਰਣਾ ਕਰਦਾ ਹੈ ਕਿ ਮਾਨਸਿਕ ਸਿਹਤ ਜਾਂ ਨਸ਼ੀਲੇ ਪਦਾਰਥ ਦੀ ਵਰਤੋਂ ਦੇ ਵਿਗਾੜ ਕਰਕੇ ਨੌਜੁਆਨ ਗੰਭੀਰ ਨੁਕਸਾਨ ਦੀ ਸੰਭਾਵਨਾ ਦੇ ਅਸਰ ਹੇਠ ਹੈ ਜਾਂ ਗੰਭੀਰ ਤੌਰ 'ਤੇ ਅਸਮਰੱਥ ਹੈ, ਤਾਂ ਨੌਜੁਆਨ ਨੂੰ ਸਹੂਲਤ ਵਿਚ ਰਖਿਆ ਜਾ ਸਕਦਾ ਹੈ। ਨੌਜੁਆਨ ਸਿਰਫ਼ ਨਸ਼ੀਲੇ ਪਦਾਰਥ ਦੀ ਵਰਤੋਂ ਦੇ ਵਿਗਾੜ ਦੇ ਇਲਾਜ ਲਈ ਅਣਇੱਛਤ ਪਾਬੰਦੀ ਅਧੀਨ ਹੋ ਸਕਦਾ ਹੈ, ਜੇ ਨਸ਼ੀਲੇ ਪਦਾਰਥ ਨੂੰ ਛੱਡਣ 'ਤੇ ਕਾਬੂ ਪਾਉਣ ਅਤੇ ਇਸ ਨੂੰ ਸਾਵਾਂ ਕਰਨ ਵਾਲੀ ਸਹੂਲਤ ਜਾਂ ਮੰਜ਼ੂਰਸ਼ੁਦਾ ਨਸ਼ੀਲੇ ਪਦਾਰਥ ਦੀ ਵਰਤੋਂ ਦੇ ਵਿਗਾੜ ਦੇ ਇਲਾਜ ਬਾਰੇ ਪ੍ਰੋਗਰਾਮ ਉਪਲਬਧ ਹੈ ਅਤੇ ਨੌਜੁਆਨ ਲਈ ਉੱਥੇ ਢੁਕਵੀਂ ਥਾਂ ਹੈ।

ਜੇ ਨੌਜੁਆਨ ਪਹਿਲਾਂ ਤੋਂ ਹੀ ਇਨਪੇਸ਼ੈਂਟ ਮਾਨਸਿਕ ਸਿਹਤ ਜਾਂ ਨਸ਼ੀਲੇ ਪਦਾਰਥ ਦੀ ਵਰਤੋਂ ਦੇ ਇਲਾਜ ਲਈ ਸਹੂਲਤ ਵਿਚ ਭਰਤੀ ਹੈ, ਤਾਂ ਉਸ ਨੂੰ ਮਾਨਸਿਕ ਸਿਹਤ ਜਾਂ ਨਸ਼ੀਲੇ ਪਦਾਰਥ ਦੀ ਵਰਤੋਂ ਦੇ ਵਿਗਾੜ ਬਾਰੇ ਪੇਸ਼ੇਵਰ ਵਲੋਂ ਵੇਖਿਆ ਜਾ ਸਕਦਾ ਹੈ ਅਤੇ ਸਟਾਫ਼ 24 ਘੰਟਿਆਂ ਦੇ ਅੰਦਰ ਨਿਰਣਾ ਕਰੇਗਾ ਕਿ ਅਣਇੱਛਤ ਪਾਬੰਦੀ ਦੀਆਂ ਅਦਾਲਤੀ ਕਾਰਵਾਈਆਂ ਕੀਤੀਆਂ ਜਾਣ ਕਿ ਨਹੀਂ। ਅਣਇੱਛਤ ਇਲਾਜ ਦੇ ਕਾਨੂੰਨ ਹੇਠ, ਨੌਜੁਆਨ ਨੂੰ ਸ਼ੁਰੂਆਤੀ ਤੌਰ 'ਤੇ 72 ਘੰਟਿਆਂ ਤੱਕ ਲਈ ਰੋਕਿਆ ਜਾ ਸਕਦਾ ਹੈ, ਇਸ ਵਿਚ ਹਫ਼ਤੇ ਦੇ ਅਖ਼ੀਰਲੇ ਦਿਨ ਅਤੇ ਛੁੱਟੀਆਂ ਸ਼ਾਮਲ ਨਹੀਂ ਹੁੰਦੀਆਂ। ਇਸ ਸਮੇਂ ਦੌਰਾਨ, ਜੇ ਮੰਨਿਆ ਜਾਂਦਾ ਹੈ ਕਿ ਹੋਰ ਇਲਾਜ ਜ਼ਰੂਰੀ ਹੈ, ਤਾਂ ਸਹੂਲਤ, ਨੌਜੁਆਨ ਨੂੰ ਹੋਰ 14 ਦਿਨ ਵਾਸਤੇ ਰੱਖਣ ਲਈ ਤਿਆਰ ਹੈ, ਬਾਰੇ ਪਟੀਸ਼ਨ ਪਾ ਸਕਦੀ ਹੈ। 14 ਦਿਨ ਦੇ ਅਖ਼ੀਰ 'ਤੇ, ਸਹੂਲਤ ਦਾਖ਼ਲ ਮਰੀਜ਼ ਲਈ ਵਾਧੂ ਇਲਾਜ ਵਾਸਤੇ 180 ਦਿਨਾਂ ਤੱਕ ਲਈ ਪਟੀਸ਼ਨ ਦਾਇਰ ਕਰ ਸਕਦੀ ਹੈ।

ਜੇ DCR ਨੌਜੁਆਨ ਨੂੰ ਨਹੀਂ ਰੱਖਦਾ, ਤਾਂ ਮਾਤਾ-ਪਿਤਾ ਜਾਂ ਸਰਪ੍ਰਸਤ 71.05.201 ਅਨੁਸਾਰ ਅਦਾਲਤ ਵਿਚ ਨੋਟਿਸ ਦਾਇਰ ਕਰਕੇ ਅਤੇ DCR ਦੀ ਰਿਪੋਰਟ ਅਤੇ/ਜਾਂ ਟਿੱਪਣੀਆਂ ਦੀ ਕਾੱਪੀ ਮੁਹੱਈਆ ਕਰਕੇ ਫ਼ੈਸਲੇ ਦੇ ਜਾਇਜ਼ੇ ਲਈ ਕਹਿ ਸਕਦਾ ਹੈ।

ਜੇ ਨੌਜੁਆਨ ਨੂੰ ਸ਼ਰਤੀਆ ਛੁੱਟੀ ਜਾਂ ਘੱਟ ਬੰਦਿਸ਼ਾਂ ਵਾਲੇ ਬਦਲਵੇਂ ਅਦਾਲਤੀ ਆਦੇਸ਼ ਨਾਲ ਹਸਪਤਾਲ ਤੋਂ ਛੁੱਟੀ ਦਿੱਤੀ ਜਾਂਦੀ ਹੈ ਅਤੇ ਉਹ ਉਸ ਛੁੱਟੀ ਜਾਂ ਅਦਾਲਤੀ ਆਦੇਸ਼ ਦੀਆਂ ਸ਼ਰਤਾਂ ਦੀ ਪਾਲਣਾ ਨਹੀਂ ਕਰ ਰਿਹਾ ਜਾਂ ਉਸਦੇ ਕਾਰਜ ਵਿਚ ਚੋਖਾ ਨਿਘਰ ਆਇਆ ਹੈ, ਤਾਂ ਨੌਜੁਆਨ ਦਾ ਮੁਲਾਂਕਣ ਕੀਤਾ ਜਾ ਸਕਦਾ ਹੈ ਅਤੇ DCR ਵਲੋਂ ਕਸਟਡੀ ਵਿਚ ਲਿਆ ਜਾਂਦਾ ਹੈ ਅਤੇ ਮਾਨਸਿਕ ਸਿਹਤ ਦੇ ਇਲਾਜ ਲਈ ਦਾਖ਼ਲ ਮਰੀਜ਼ ਦੇ ਮੁਲਾਂਕਣ ਅਤੇ ਇਲਾਜ ਦੀ ਸਹੂਲਤ ਵਿਚ ਜਾਂ ਜੇ ਸਹੂਲਤ ਉਪਲਬਧ ਹੈ ਅਤੇ ਨਸ਼ੀਲੇ ਪਦਾਰਥ ਦੀ ਵਰਤੋਂ ਦੇ ਵਿਗਾੜ ਦੇ ਇਲਾਜ ਬਾਰੇ ਪ੍ਰੋਗਰਾਮ ਲਈ ਨੌਜੁਆਨ ਵਾਸਤੇ ਢੁਕਵੀਂ ਥਾਂ ਹੈ ਜਾਂ ਨਸ਼ੀਲੇ ਪਦਾਰਥ ਛੱਡਣ 'ਤੇ ਕਾਬੂ ਪਾਉਣ ਅਤੇ ਇਸ ਨੂੰ ਸਾਵਾਂ ਕਰਨ ਵਾਲੀ ਸਹੂਲਤ ਜਾਂ ਮੰਜ਼ੂਰਸ਼ੁਦਾ ਨਸ਼ੀਲੇ ਪਦਾਰਥ ਦੀ ਵਰਤੋਂ ਕਰਕੇ ਵਿਗਾੜ ਦੇ ਇਲਾਜ ਬਾਰੇ ਪ੍ਰੋਗਰਾਮ ਵਿਚ ਭੇਜਿਆ ਜਾਂਦਾ ਹੈ। ਹੋਰ ਸਹਾਇਤਾ ਜਾਂ ਸੁਆਲਾਂ ਲਈ, ਆਪਣੀ ਸਥਾਨਕ ਵਿਹਾਰ ਸਬੰਧੀ ਸਿਹਤ ਬਾਰੇ ਔਖੀ ਘੜੀ ਵਿਚ ਕੰਮ ਆਉਣ ਵਾਲੀ ਲਾਈਨ 'ਤੇ ਕਾੱਲ ਕਰੋ

### ਪ੍ਰੋਵਾਈਡਰਾਂ ਲਈ ਲਾਜ਼ਮੀ ਜਾਇਜ਼ੇ ਦਾ ਨੋਟੀਫ਼ਿਕੇਸ਼ਨ

FIT ਵਿਚ ਭਰਤੀ ਦੇ 24 ਘੰਟਿਆਂ ਦੇ ਅੰਦਰ, ਪ੍ਰੋਵਾਈਡਰ ਵਲੋਂ The FIT Administration Office (FIT ਪ੍ਰਸ਼ਾਸਨੀ ਦਫ਼ਤਰ), fitreporting@fitadministration.com 'ਤੇ ਸੁਰੱਖਿਅਤ ਈਮੇਲ ਰਾਹੀਂ ਜਾਂ 206-859-6432 'ਤੇ ਸੁਰੱਖਿਅਤ ਫ਼ੈਕਸ ਰਾਹੀਂ HCA ਦੇ ਇਕਰਾਰਨਾਮੇ ਵਾਲੇ ਜਾਇਜ਼ਾਕਾਰ ਨੂੰ ਜ਼ਰੂਰ ਦੱਸਿਆ ਜਾਣਾ ਚਾਹੀਦਾ ਹੈ

ਨੋਟੀਫ਼ਿਕੇਸ਼ਨ ਵਿਚ ਸ਼ਾਮਿਲ ਹੋਏਗਾ:

- ਨਾਂ ਅਤੇ ਜਨਮ-ਤਾਰੀਖ਼
- FIT ਵਿਚ ਭਰਤੀ ਦੀ ਤਾਰੀਖ਼ ਜਾਂ FIT ਵਿਚ ਤਬਦੀਲੀ ਦਾ ਦਰਜਾ
- ਕਾਉਂਟੀ, ਜਿੱਥੇ ਨੌਜੁਆਨ ਰਹਿੰਦਾ ਹੈ ਅਤੇ
- ਬੀਮੇ ਦੀ ਕਿਸਮ

ਨੌਜੁਆਨ ਦੀ ਭਰਤੀ ਦੇ 7 – 14 ਦਿਨਾਂ ਵਿਚਕਾਰ ਅਤੇ ਹਰ 45 ਦਿਨ ਵਿਚ ਕਿ ਬਾਹਰੀ ਮਰੀਜ਼ ਜਾਂ ਗੰਭੀਰ ਬਾਹਰੀ ਮਰੀਜ਼ ਦਾ ਇਲਾਜ ਹੋ ਰਿਹਾ ਹੈ, ਤਾਂ ਪ੍ਰੋਵਾਈਡਰ ਵਲੋਂ ਮੈਡੀਕਲ ਜ਼ਰੂਰਤ ਦੇ ਜਾਇਜ਼ੇ ਲਈ HCA ਦੇ ਠੇਕੇਦਾਰ ਨੂੰ ਹੇਠਾਂ ਦਿੱਤੀ ਜਾਣਕਾਰੀ ਜ਼ਰੂਰ ਭੇਜਣੀ ਚਾਹੀਦੀ ਹੈ:

- ਭਰਤੀ ਕਰਨ ਬਾਰੇ ਤੱਥ-ਸ਼ੀਟ
- ਇੰਟੇਕ ਦੇ ਮੁਲਾਂਕਣ ਬਾਰੇ ਟਿੱਪਣੀ
- ਛੁੱਟੀ ਦੇਣ ਦਾ ਸਾਰ

☐ ਮੈਨੂੰ, ਨੌਜੁਆਨ ਲਈ ਉਪਲਬਧ ਇਲਾਜ ਦੇ ਵਿਕਲਪਾਂ ਦਾ ਲਿਖਤੀ ਅਤੇ ਜ਼ਬਾਨੀ ਨੋਟਿਸ ਮੁਹੱਈਆ ਕਰਾਇਆ ਗਿਆ ਹੈ।

**ਮਾਤਾ-ਪਿਤਾ/ਸਰਪ੍ਰਸਤ ਦੇ ਦਸਤਖ਼ਤ** **ਤਾਰੀਖ਼** **ਸਹੂਲਤ ਦੇ ਨੁਮਾਇੰਦੇ ਦੇ ਦਸਤਖ਼ਤ** **ਤਾਰੀਖ਼**

______________________________ _____ ______________________________ _____

☐ **ਮਾਤਾ-ਪਿਤਾ/ਸਰਪ੍ਰਸਤ ਦੇ ਦਸਤਖ਼ਤ ਜਾਂ ਪ੍ਰਾਪਤੀ ਹਾਸਿਲ ਕਰਨ ਦੇ ਅਸਮਰੱਥ।**

**ਦਸਤਖਤ ਨਾ ਹੋਣ ਦੇ ਕਾਰਣ:**

**ਸਹੂਲਤ ਦੇ ਨੁਮਾਇੰਦੇ ਦੇ ਦਸਤਖ਼ਤ** **ਤਾਰੀਖ਼**

____________________________________ _____

**ਪਰਿਵਾਰ ਲਈ ਸ਼ੁਰੂ ਕੀਤੇ ਗਏ ਇਲਾਜ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਸੰਪਰਕ ਕਰੋ:**
HCAFamilyInitiatedTreatment@hca.wa.gov

**ਅਪਡੇਟਸ**

*17 ਮਾਰਚ, 2020*

- ਹਸਪਤਾਲ ਵਿਚ ਭਰਤੀਆਂ ਅਤੇ ਜਾਇਜ਼ਿਆਂ ਲਈ ਸੰਪਰਕ ਵਿਚ ਤਬਦੀਲੀਆਂ ਇੱਥੇ ਭੇਜੋ:
  The FIT Administration Office (FIT ਪ੍ਰਸ਼ਾਸਨੀ ਦਫ਼ਤਰ), fitreporting@fitadministration.com 'ਤੇ ਸੁਰੱਖਿਅਤ ਈਮੇਲ ਰਾਹੀਂ ਜਾਂ 206-859-6432 'ਤੇ ਸੁਰੱਖਿਅਤ ਫ਼ੈਕਸ ਰਾਹੀਂ।